Aayushi International Interdisciplinary Research Journal (AIIRJ)
VOL- XIII ISSUE- IV APRIL 2026 PEER REVIEW e-JOURNAL IMPACT FACTOR 8.589 ISSN 2349-638x

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸਰਬਕਾਲੀ ਸਰੋਕਾਰ

**(The Universal and Timeless Concerns of Guru Teg Bahadur Ji's Divine Hymns)**

**ਜਸਪ੍ਰੀਤ ਕੌਰ (ਡਾ.) Dr. Jaspreet Kaur**
ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ)
ਪੰਜਾਬ ਯੂਨੀਵਰਸਿਟੀ ਕੰਸਟੀਚਿਊਟ ਕਾਲਜ,
ਨਿਹਾਲ ਸਿੰਘ ਵਾਲਾ (ਮੋਗਾ)।

ਰੂਹਾਨੀਅਤ ਨਾਲ ਭਰਪੂਰ ਦੁਨੀਆ ਦਾ ਸਰਬਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਮਾਨਵ ਕਲਿਆਣ ਦਾ ਅਦਭੁਤ ਸਰੋਤ ਹੈ। ਬਾਣੀਕਾਰਾਂ ਦੀ ਬਾਣੀ ਸਰਬਕਾਲੀ ਮਹਾਨਤਾ ਰੱਖਦੀ ਹੋਈ ਸਰਬੱਤ ਦੇ ਸਰੋਕਾਰਾਂ ਨੂੰ ਉਲੀਕਦੀ ਸਰਬੱਤ ਦੇ ਭਲੇ ਦੀ ਗੱਲ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਮਹਲਾ ੯ ਦੇ ਸਿਰਲੇਖ ਹੇਠ ਦਰਜ ਹੈ। ਆਪ ਦੇ 59 ਸ਼ਬਦ (15 ਰਾਗਾਂ ਵਿੱਚ) ਅਤੇ 57 ਸਲੋਕ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਆਪ ਜੀ ਦੇ 57 ਸਲੋਕ ਰਾਗ ਰਹਿਤ ਹਨ ਅਤੇ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਸ਼ਾਮਿਲ ਹਨ। ਆਪ ਜੀ ਦੀ ਬਾਣੀ ਰਚਨਾ ਦੇ ਸਰਬਕਾਲੀ ਸਰੋਕਾਰ ਬਾਣੀ ਦੇ ਆਸ਼ੇ ਨੂੰ ਨਿਖਾਰਦੇ ਅਤੇ ਸਦੀਵਤਾ ਪ੍ਰਦਾਨ ਕਰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਪਦੇਸ਼ਆਤਮਿਕ ਸੁਰ ਵਾਲੀ ਅਤੇ ਅਨੇਕਾਂ ਗੁਣਾਂ ਨਾਲ ਭਰਪੂਰ ਹੈ। ਇਸ ਵਿੱਚ ਮਾਨਵਤਾ, ਭਾਈਚਾਰਕ ਸਾਂਝ, ਸੁਚੱਜੀ ਜੀਵਨ-ਜਾਂਚ, ਆਤਮਿਕ ਗਿਆਨ, ਸੰਸਾਰਕ ਨਾਸ਼ਮਾਨਤਾ, ਨਿਮਰਤਾ, ਸੰਸਾਰਕ ਰਿਸ਼ਤੇ-ਨਾਤੇ, ਜੀਵਨ ਮੁਕਤੀ, ਮਨੁੱਖੀ ਮਨ ਦੀ ਦਸ਼ਾ ਅਤੇ ਦਿਸ਼ਾ ਆਦਿ ਸਰਬਕਾਲੀ ਸਰੋਕਾਰ ਜੀਵਨ ਭੇਦਾਂ ਨੂੰ ਸੁਲਝਾਉਂਦੇ ਨਜ਼ਰ ਆਉਂਦੇ ਹਨ।

ਗੁਰੂ ਤੇਗ ਬਹਾਦਰ ਜੀ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਅਤਿ ਸੋਹਣਾ ਚਿਤਰਨ ਪੇਸ਼ ਕਰਦਿਆਂ ਬਾਣੀ ਨਾਵਾਂ ਜਿਵੇਂ ਬ੍ਰਹਮ, ਹਰੀ, ਨਿਰੰਜਨੁ, ਗੋਬਿੰਦ, ਰਾਮੁ, ਪ੍ਰਭ, ਭਗਵਾਨ, ਨਾਰਾਇਣ, ਭਗਵੰਤ, ਸੁਆਮੀ, ਦੀਨਾਨਾਥ, ਠਾਕੁਰਿ, ਗੁਸਾਈਂ, ਰਘੁਨਾਥ, ਮੁਰਾਰੀ, ਆਦਿ ਨਾਲ ਪਰਮਾਤਮਾ ਨੂੰ ਸੰਬੋਧਨ ਕਰਦੇ ਹਨ। ਗੁਰੂ ਜੀ ਆਪਣੇ ਸਮਕਾਲੀ ਮਨੁੱਖ ਦੀ ਵਿਆਕੁਲਤਾ ਅਤੇ ਮਨ ਦੀ ਦਸ਼ਾ ਨੂੰ ਇਕਾਗਰ ਕਰਨ ਲਈ ਪਰਮਾਤਮਾ ਦੀ ਸਿਫ਼ਤ-ਸਾਲਾਹ ਦੇ ਗੀਤ ਗਾਉਣ ਲਈ ਕਹਿੰਦੇ ਹਨ:-

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥੧॥ ਰਹਾਉ॥*
*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥*
*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*
*ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥*[1]

ਗੁਰੂ ਸਾਹਿਬ ਮਨੁੱਖ ਦੇ ਮਾਨਸਿਕ ਦਵੰਦ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦੇ ਹਨ। ਮਨੁੱਖ ਦਾ ਮਨ ਸਰਬਕਾਲੀ ਸਰੋਕਾਰਾਂ ਵਿੱਚੋਂ ਚਰਚਿਤ ਸਰੋਕਾਰ ਹੈ। ਮਨ ਦੀ ਸੋਧ ਨਾਲ ਹੀ ਆਤਮਿਕ ਸੋਧ ਆਉਂਦੀ ਹੈ। ਗੁਰੂ ਜੀ ਆਪਣੀ ਬਾਣੀ ਰਚਨਾ ਵਿੱਚ ਕਹਿੰਦੇ ਹਨ ਕਿ ਮਨ ਨੂੰ ਵੱਸ ਵਿੱਚ ਰੱਖਣਾ ਬਹੁਤ ਕਠਿਨ ਕੰਮ ਹੈ। ਯੁੱਗਾਂ ਤੋਂ

ਮਨੁੱਖੀ ਮਨ ਦੇ ਵਿਸ਼ੇ-ਵਿਕਾਰ ਤੇ ਪਦਾਰਥਕ ਰੁਚੀਆਂ ਮਨੁੱਖ ਨੂੰ ਅਸਲ ਜੀਵਨ ਮੰਤਵ ਤੋਂ ਭਟਕਾਉਂਦੀਆਂ ਆਈਆਂ। ਗੁਰੂ ਜੀ ਅਨੁਸਾਰ ਤ੍ਰਿਸ਼ਨਾਵਾਂ ਵਿੱਚ ਗੁਆਚੇ ਮਨ ਨੂੰ ਕਾਬੂ ਕਰਨ ਲਈ ਤੇ ਪਰਮਾਤਮਾ ਦੀ ਕਿਰਪਾ ਪਾਉਣ ਲਈ ਨਾਮ ਜਪਣ ਦੀ ਲੋੜ ਹੈ। ਕਿਉਂਕਿ ਪਰਮਾਤਮਾ ਦੀ ਕਿਰਪਾ ਨਾਲ ਹੀ ਚੰਚਲ ਮਨ ਵੱਸ ਵਿੱਚ ਆ ਸਕਦਾ ਹੈ:-

*ਸਾਧੋ ਇਹੁ ਮਨੁ ਗਹਿਓ ਨ ਜਾਈ॥*
*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥੧॥ ਰਹਾਉ॥*
*ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥*
*ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥*
*ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥*
*ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥*[2]

ਇਸ ਤਰ੍ਹਾਂ ਮਨੁੱਖੀ ਮਨ ਦੀ ਤ੍ਰਿਸ਼ਨਾ ਤੇ ਕ੍ਰੋਧ ਉਸ ਨੂੰ ਅਗਿਆਨਤਾ ਵੱਲ ਲੈ ਜਾਂਦੇ ਹਨ, ਜਿਸ ਨਾਲ ਮਨੁੱਖ ਉਪਰਾਮਤਾ ਭਰੀ ਤੇ ਵਿਕਾਰ ਗ੍ਰਸਤ ਮਾਨਸਿਕਤਾ ਅਧੀਨ ਆਪਣੇ ਮਨ ਨੂੰ ਵੱਸ ਵਿੱਚ ਕਰਨ ਦੇ ਯੋਗ ਨਹੀਂ ਰਹਿੰਦਾ। ਮਾਇਆ ਦਾ ਨਸ਼ਾ, ਧਨ ਜੋੜਨ ਦੀ ਲਾਲਸਾ, ਕੇਵਲ ਸੁੱਖ ਪ੍ਰਾਪਤ ਕਰਨ ਦੀ ਭਟਕਣਾ, ਸੰਸਾਰਕ ਵਿਖਾਵੇ ਦੀ ਪ੍ਰਵਿਰਤੀ ਅਤੇ ਖੋਟੀ ਨੀਅਤ ਜਿਹੇ ਨਕਾਰਾਤਮਕ ਪੱਖ ਬਹੁਤ ਜਲਦ ਮਨੁੱਖ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਕੇ ਅਸਲ ਜੀਵਨ-ਜਾਂਚ ਭੁਲਾ ਦਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੱਚੀ ਜੀਵਨ-ਜਾਂਚ ਦੇ ਸਰੋਕਾਰ ਨਾਲ ਜੋੜਦੇ ਹੋਏ ਉਪਦੇਸ਼ ਦਿੰਦੇ ਹਨ ਕਿ ਜੀਵਾਂ ਨੂੰ ਹਰ ਤਰ੍ਹਾਂ ਦੀਆਂ ਦਾਤਾਂ ਪ੍ਰਦਾਨ ਕਰਨ ਵਾਲਾ ਪਰਮਾਤਮਾ ਹੀ ਹੈ। ਉਹ ਪਰਮਾਤਮਾ ਹੀ ਸਭ ਭਰਮ-ਭੁਲੇਖੇ ਦੂਰ ਕਰਕੇ ਮਿਹਰ ਕਰਨ ਵਾਲਾ ਹੈ। ਉਹ ਪਲ ਵਿੱਚ ਰੰਕ ਨੂੰ ਰਾਜਾ ਤੇ ਰਾਜੇ ਨੂੰ ਰੰਕ ਬਣਾ ਸਕਦਾ ਹੈ:-

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥[3]

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥[4]

ਸੰਸਾਰਕ ਅਸਥਿਰਤਾ ਦਾ ਸਰੋਕਾਰ ਪੇਸ਼ ਕਰਦਿਆਂ ਗੁਰੂ ਸਾਹਿਬ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਸ਼ਰਨ ਵਿੱਚ ਜਾਣ ਦੀ ਪ੍ਰੇਰਣਾ ਦਿੰਦੇ ਹਨ। ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਤਣਾਓ ਵਿੱਚ ਘਿਰਿਆ ਹੋਇਆ ਮਨੁੱਖ ਹਰ ਯੁੱਗ ਦੀ ਦੇਣ ਹੈ। ਗੁਰੂ ਜੀ ਆਪਣੇ ਸਮਕਾਲੀ ਮਨੁੱਖ ਨੂੰ ਇਸ ਤਣਾਓ ਭਰੀ ਸਥਿਤੀ ਤੋਂ ਬਚਣ ਲਈ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਦੇ ਸਿਰਜਕ ਦਾ ਭੇਦ ਸਮਝਾਉਂਦੇ ਹਨ:-

*ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥*
*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥*
*ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥*[5]

ਇਸ ਤਰ੍ਹਾਂ ਗੁਰੂ ਸਾਹਿਬ ਅਸਥਿਰ ਸੰਸਾਰ ਦੇ ਦੁੱਖਾਂ-ਕਲੇਸ਼ਾਂ ਤੋਂ ਦੂਰ ਚਿਰਸਥਾਈ ਪਰਮਾਤਮਾ ਪ੍ਰਤੀ ਚੇਤੰਨਤਾ ਦਾ ਉਪਦੇਸ਼ ਦਿੰਦੇ ਹਨ। ਜਗਤ ਦੀ ਨਾਸ਼ਮਾਨਤਾ ਨੂੰ ਗੁਰੂ ਜੀ ਬਹੁਤ ਸਾਰੀਆਂ ਉਦਾਹਰਣਾਂ ਸਮੇਤ ਸਮਝਾਉਂਦੇ ਹਨ:-

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥*[6]
*ਸਭ ਕਿਛੁ ਜੀਵਤ ਕੋ ਬਿਵਹਾਰ॥*
*ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥*[7]

*ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥*
*ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥*[8]

ਮੁਕਤੀ ਦੇ ਸਰੋਕਾਰ ਅਧੀਨ ਜੀਵਨ ਨੂੰ ਬੰਧਨ ਮੁਕਤ ਕਰਨ ਲਈ ਮਨੁੱਖ ਨੂੰ ਬੰਧਨ ਯੁਕਤ ਹੋਂਦ ਤੋਂ ਛੁਟਕਾਰਾ ਪਾਉਣ ਲਈ ਗੁਰੂ ਸਾਹਿਬ ਉਸਤਤ-ਨਿੰਦਾ ਸੁੱਖ-ਦੁੱਖ ਤੋਂ ਉੱਪਰ ਉੱਠਣ ਲਈ ਕਹਿੰਦੇ ਹਨ। ਜਿਸ ਮਨੁੱਖ ਨੂੰ ਉਸਤਤ ਤੇ ਨਿੰਦਾ ਖੁਸ਼ੀ ਤੇ ਗ਼ਮੀ ਪ੍ਰਭਾਵਿਤ ਨਹੀਂ ਕਰਦੀ, ਉਹੀ ਮੁਕਤੀ ਦਾ ਧਾਰਨੀ ਹੋ ਸਕਦਾ ਹੈ। ਸ੍ਰਿਸ਼ਟੀ ਦੇ ਪਾਲਣਹਾਰ ਨਾਲ ਡੂੰਘੀ ਸਾਂਝ ਪਾ ਕੇ ਹੀ ਹਉਮੈ ਦੇ ਹਨੇਰੇ ਅਤੇ ਸੱਚ ਦਾ ਭੇਦ ਸਮਝ ਆ ਸਕਦਾ ਹੈ। ਇਨ੍ਹਾਂ ਵਿਚਾਰਾਂ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਬਿਆਨਦੇ ਹਨ:-

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥*[9]
*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥*[10]

ਗੁਰੂ ਸਾਹਿਬ ਦੀ ਬਾਣੀ ਦਾ ਆਸ਼ਾ ਜੀਵ/ਮਨੁੱਖ ਨੂੰ ਆਤਮਿਕ ਬਲ ਦੁਆਰਾ ਜੀਵਨ ਸਫਲ ਬਣਾਉਣ ਤੋਂ ਹੈ। ਮਨੁੱਖ ਦਾ ਆਚਰਨ ਅਤੇ ਉਸ ਦੀ ਆਤਮਿਕ ਸ਼ੁੱਧਤਾ ਬੇਅੰਤ ਪਰਮਾਤਮਾ ਦੀ ਅਰਾਧਨਾ ਨਾਲ ਹੀ ਸੰਭਵ ਹੈ। ਸੰਸਾਰ ਦੇ ਹਰ ਬੇਲੋੜੇ ਬੰਧਨ ਤੋਂ ਮੁਕਤ ਜੀਵ ਸਿਰਜਣਹਾਰ ਤੋਂ ਬਲਿਹਾਰੇ ਜਾਂਦਾ ਹੈ।

ਆਤਮਿਕ ਬਲ, ਆਚਰਨਿਕ ਸ਼ੁੱਧਤਾ, ਨਿਰਭਉ ਤੇ ਨਿਰਵੈਰ ਪਦ, ਕਰਮ ਕਾਂਡ ਤੋਂ ਨਿਰਮਲਤਾ ਤੱਕ ਅਤੇ ਕੱਚੀ ਤੋਂ ਸੱਚੀ ਪ੍ਰੀਤ ਤੱਕ ਦੇ ਸਰੋਕਾਰ ਸਰਬਕਾਲੀ ਪ੍ਰਸੰਗਿਕਤਾ ਦੇ ਧਾਰਨੀ ਹਨ। ਇਨ੍ਹਾਂ ਸਰਬਕਾਲੀ ਸਰੋਕਾਰਾਂ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਗੁਰੂ ਸਾਹਿਬ ਨੇ ਸਿਰਜਿਆ ਵੀ ਹੈ ਅਤੇ ਜੀਵਨ ਮਾਰਗ ਨੂੰ ਉਚੇਚੇ ਲਕਸ਼ ਨਾਲ ਜੋੜ ਕੇ ਸਵਾਰਿਆ ਵੀ ਹੈ। ਮਨੁੱਖ ਦੇ ਮਨ ਵਿੱਚ ਉਤਸ਼ਾਹ ਭਰਨ ਵਾਲੀ ਗੁਰੂ ਸਾਹਿਬ ਦੀ ਬਾਣੀ ਡੋਲਦੇ ਮਨ ਨੂੰ ਵੀ ਤਕੜਾ ਕਰਦੀ ਹੈ। ਸੋ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਰਬਕਾਲੀ ਮਹਾਨਤਾ ਵਾਲੀ ਅਤੇ ਅਥਾਹ ਸ਼ਕਤੀ ਦਾ ਸੋਮਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 631
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 537
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 536
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1231
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427

## ਪੁਸਤਕ ਸੂਚੀ

1. **ਆਦਿ ਗ੍ਰੰਥ** — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
2. **ਡਾ. ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾਦਕ), ਡਾ. ਅੰਮ੍ਰਿਤਪਾਲ ਕੌਰ ਅਤੇ ਲਖਵੀਰ ਸਿੰਘ** — ਗੁਰਮਤਿ ਕਾਵਿ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017
3. **ਬਲਵਿੰਦਰ ਸਿੰਘ, ਜੋੜਾ ਸਿੰਘ ਅਤੇ ਸਿਮਰਨਜੀਤ ਸਿੰਘ** — ਜਿਨਿ ਨਾਮੁ ਲਿਖਾਇਆ ਸਚੁ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰ), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011